
NSW GOVERNMENT | Education

# Workplace Learning (ਵਰਕਪਲੇਸ ਲਰਨਿੰਗ) ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ




Punjabi

## Workplace Learning
## Information for Parents and Carers

**ਕਿਸੇ ਵੀ ਕੰਮ ਵਾਲੀ ਜਗ੍ਹਾ 'ਤੇ ਲਈ ਜਾਣ ਵਾਲੀ ਸਿਖਿਆ ਵਿੱਚ ਮਾਪਿਆਂ ਅਤੇ ਸੰਭਾਲਕਾਂ ਦੀ ਭੂਮਿਕਾ ਬਹੁਤ ਹੀ ਮਹੱਤਵਪੁਰਣ ਹੁੰਦੀ ਹੈ। ਤੁਸੀਂ ਆਪਣੇ ਬੱਚੇ ਨੂੰ ਘਰ ਵਿੱਚ ਸਮਰਥਨ ਦੇ ਕੇ ਉਨ੍ਹਾਂ ਦੇ ਕੰਮ ਵਾਲੀ ਜਗ੍ਹਾ ਦੇ ਤਜਰਬਿਆਂ ਦਾ ਵੱਧ ਤੋਂ ਵੱਧ ਲਾਹ ਉਠਾਉਣ ਤੇ ਭਵਿੱਖ ਸਬੰਧੀ ਅਹਿਮ ਫੈਂਸਲੇ ਲੈਣ ਵਿੱਚ ਮਦਦ ਕਰ ਸਕਦੇ ਹੋ।**

## Workplace Learning (ਵਰਕਪਲੇਸ ਲਰਨਿੰਗ)

ਕੰਮ ਵਾਲੀ ਜਗ੍ਹਾ 'ਤੇ ਲਈ ਜਾਣ ਵਾਲੀ ਸਿਖਿਆ (ਵਰਕਪਲੇਸ ਲਰਨਿੰਗ) ਪਰੋਗਰਾਮ NSW ਸੈਕੰਡਰੀ ਸਕੂਲਾਂ ਦੇ ਪਾਠਕ੍ਰਮ ਦਾ ਹਿਸਾ ਹਨ। ਇਹ ਵਿਦਿਆਰਥੀਆਂ ਨੂੰ ਸਕੂਲ ਦਾ ਇੱਕ ਮਿਥਿਆ ਸਮਾ ਕਿਸੇ ਕੰਮ ਵਾਲੀ ਜਗ੍ਹਾ 'ਤੇ ਬਤਾਉਣ ਦਾ ਅਧਿਕਾਰ ਦਿੰਦਾ ਹੈ। ਇਹ ਤਜਰਬਾ ਉਨ੍ਹਾਂ ਦੀ ਕਲਾਸ ਵਿੱਚ ਹਾਸਲ ਕੀਤੀ ਸਿਖਿਆ ਨੂੰ ਅੱਗੇ ਵਧਾਉਂਦਾ ਹੈ, ਉਨ੍ਹਾ ਦੇ ਪੇਸ਼ੇ ਦੀ ਚੋਣ ਕਰਨ ਵਿੱਚ ਮਦਦ ਕਰਦਾ ਹੈ ਅਤੇ ਉਨ੍ਹਾਂ ਦੇ ਉਦਯੋਗ ਸਬੰਧੀ ਹੁਨਰਾਂ ਨੂੰ ਉਸਾਰਨ ਵਿੱਚ ਸਹਾਇਕ ਹੁੰਦਾ ਹੈ। ਇਸ ਲਈ ਕੋਈ ਅਦਾਇਗੀ ਨਹੀਂ ਹੁੰਦੀ ।

## ਵਰਕਪਲੇਸ ਲਰਨਿੰਗ ਦੇ ਫਾਇਦੇ

ਵਰਕਪਲੇਸ ਲਰਨਿੰਗ ਵਿਦਿਆਰਥੀਆ ਦੀ ਇਸ ਤਰ੍ਹਾਂ ਮਦਦ ਕਰਦਾ ਹੈ:

- ਆਮ ਕੰਮ ਵਾਲੇ ਹੁਨਰਾਂ ਨੂੰ ਜਿਵੇਂ ਕੰਮ ਵਾਲੀ ਜਗ੍ਹਾ ਵਿੱਚ ਗਲਬਾਤ ਕਰਨ ਅਤੇ ਹੋਰਨਾ ਕਾਮਿਆਂ ਨਾਲ ਸਾਂਝੀਵਾਲਤਾ ਬਣਾ ਰੱਖਣ ਨੂੰ ਮਜਬੂਤ ਬਣਾਉਂਦਾ ਹੈ
- ਉਨ੍ਹਾਂ ਦੇ Vocational Education and Training (VET) ਨਾਲ ਸਬੰਧ ਰੱਖਣ ਵਾਲੇ ਖਾਸ ਉਦਯੋਗ ਸਬੰਧੀ ਹੁਨਰਾਂ ਨੂੰ ਪ੍ਰਫੁਲਤ ਕਰਦਾ ਹੈ
- ਉਨ੍ਹਾਂ ਦੇ ਸਕੂਲ ਵਿੱਚਲੇ ਮਜਮੂਨਾਂ ਦੀ ਚੋਣ ਕਰਨ ਅਤੇ ਸਕੂਲ ਦੀ ਪੜ੍ਹਾਈ ਮੁਕੰਮਲ ਹੋ ਜਾਣ ਬਾਦ ਪੇਸ਼ੇ ਦੀ ਚੋਣ ਕਰਨ ਵਿੱਚ ਸਹਾਈ ਹੁੰਦਾ ਹੈ।

## ਵਰਕਪਲੇਸ ਲਰਨਿੰਗ ਪ੍ਰੋਗਰਾਮ

**ਕੰਮ ਦਾ ਤਜਰਬਾ** (Work experience) ਆਮ ਕਰਕੇ Years 9 ਜਾਂ 10 ਦੇ ਵਿਦਿਆਰਥੀਆਂ ਵਲੋਂ ਕੀਤਾ ਜਾਂਦਾ ਹੈ ਅਤੇ ਕਈ ਵਾਰ Years 11 ਅਤੇ 12 ਦੇ ਵਿਦਿਆਰਥੀਆਂ ਨੂੰ ਵੀ ਇਹ ਮੌਕੇ ਮਿਲ ਜਾਂਦੇ ਹਨ। ਇਹ 'ਕੰਮ ਦੀ ਦੁਨੀਆਂ' ਅਤੇ ਪੇਸ਼ਿਆਂ ਬਾਰੇ ਵੀ ਚਾਨਣਾ ਪਾਉਂਦਾ ਹੈ। ਵਿਦਿਆਰਥੀ ਆਪੋ ਆਪਣੀ ਨਿਪੁੰਨਤਾ ਮੁਤਾਬਕ ਨਿਗਰਾਨੀ ਹੇਠ ਕੰਮ ਕਰਦੇ ਹਨ।

**ਕੰਮ 'ਤੇ ਰੱਖੇ ਜਾਣ ਵਾਲੇ** (Work placement) ਪ੍ਰੋਗਰਾਮ Higher School Certificate (HSC) ਦੇ ਉਨ੍ਹਾਂ ਵਿਦਿਆਰਥੀਆਂ ਲਈ ਬਣਾਏ ਜਾਂਦੇ ਹਨ ਜਿਹੜੇ ਪਹਿਚਾਣੇ ਹੋਏ ਉਦਯੋਗ ਸਬੰਧੀ ਕੋਰਸ ਲੈਂਦੇ ਹਨ। ਇਸ ਪਲੇਸਮੈਂਟ ਦੇ ਸਮੇਂ ਦੌਰਾਨ ਵਿਦਿਆਰਥੀ ਉਦਯੋਗ ਦੇ ਮਿਆਦ ਨੂੰ ਹਾਸਲ ਕਰਨ ਲਈ ਉਨ੍ਹਾਂ ਮਜਮੂਨਾਂ ਦਾ ਅਭਿਆਸ ਕਰਦੇ ਹਨ ਜਿਨ੍ਹਾਂ ਬਾਰੇ ਉਨ੍ਹਾਂ ਨੇ ਸਿਖਿਆ ਪ੍ਰਾਪਤ ਕੀਤੀ ਹੈ। HSC ਦੇ ਖਾਸ ਉਦਯੋਗ ਪਾਠਕ੍ਰਮ ਢਾਂਚੇ ਲਈ ਵਰਕ ਪਲੇਸਮੈਂਟ ਲਾਜ਼ਮੀ ਹੈ। ਸਕੂਲ ਵਰਕ ਪਲੇਸਮੈਂਟ ਦਾ ਪ੍ਰਬੰਧ (Work Placement Service Provider) ਕਰਦਾ ਹੈ।

## ਆਵਾ ਜਾਈ ਦੇ ਪ੍ਰਬੰਧ

ਜ਼ਿਆਦਾਤਰ ਪਲੇਸਮੈਂਟ ਤਾਂ ਘਰ ਤੋਂ ਆਮ ਆਵਾ-ਜਾਈ ਦੇ ਨੇੜੇ ਹੀ ਹੁੰਦੇ ਹਨ।

ਆਵਾ-ਜਾਈ ਦਾ ਸਾਰਾ ਖਰਚਾ ਵਿਦਿਆਰਥੀਆਂ ਦਾ ਆਪਣਾ ਹੋਵੇਗਾ। ਤੁਹਾਡੇ ਤੋਂ ਆਸ ਰੱਖੀ ਜਾਂਦੀ ਹੈ ਕਿ ਪਲੇਸਮੈਂਟ ਦੇ ਪੂਰੇ ਸਮੇ ਦੌਰਾਨ ਤੁਸੀਂ ਆਪਣੇ ਬੱਚੇ ਦੇ ਆਵਾ-ਜਾਈ (ਪ੍ਰਬੰਧਾਂ) ਦਾ ਖਰਚਾ ਅਤੇ ਹੋਰ ਲੋੜੀਂਦੀ ਸਹਾਇਤਾ ਕਰੋਗੇ।

ਜੇ ਤੁਹਾਡੇ ਮਨ ਵਿੱਚ ਕੋਈ ਫਿਕਰ ਹਨ, ਤਾਂ ਤੁਹਾਨੂੰ ਇਨ੍ਹਾਂ ਬਾਰੇ ਆਪਣੇ ਬੱਚੇ ਅਤੇ ਪ੍ਰੋਗ੍ਰਾਮ ਦੇ ਪ੍ਰਬੰਧਕ (program organiser) ਨਾਲ ਗਲਬਾਤ ਕਰਨ ਦੀ ਲੋੜ ਹੈ।

**ਨੋਟ:** ਜੇ ਤੁਹਾਡਾ ਬੱਚਾ ਘਰੋਂ ਬਾਹਰ ਜਾਂ ਇੰਟਰ ਸਟੇਟ (ਕਿਸੇ ਦੂਸਰੇ ਰਾਜ) ਵਿੱਚ ਪਲੇਸਮੈਂਟ ਬਾਰੇ ਸੋਚ ਰਿਹਾ/ਰਹੀ ਹੈ, ਤਾਂ ਤੁਹਾਨੂੰ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਨ ਦੀ ਲੋੜ ਹੈ। ਪ੍ਰਿੰਸੀਪਲ ਵਲੋਂ ਇਸ ਪਲੇਸਮੈਂਟ ਦੀ ਆਗਿਆ ਦੇਣ ਤੋਂ ਪਹਿਲਾਂ ਕੁੱਝ ਵਧੇਰੇ ਕਾਗਜ਼ਾਤ ਪੂਰੇ ਕਰਨ ਦੀ ਲੋੜ ਹੈ।

## ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸੰਕਟ ਸਮੇਂ ਸਬੰਧ

ਵਿਦਿਆਰਥੀਆਂ ਦੀ ਸੁਰੱਖਿਆ ਅਤੇ ਬੱਚਿਆਂ ਦੀ ਰੱਖਿਆ (child protection) NSW Department of Education ਦੀਆਂ ਪ੍ਰਮੁਖ ਲੋੜਾਂ ਹਨ।

ਪਲੇਸਮੈਂਟ ਦੇ ਪੂਰੇ ਸਮੇ ਦੌਰਾਨ ਕੰਮ ਵਾਲੇ ਮਾਲਕਾਂ (Host employers) ਨੂੰ ਕਿਸੇ ਸਿਹਤ ਅਤੇ ਸੁਰੱਖਿਆ ਸਬੰਧੀ ਘਟਨਾਵਾਂ, ਜਿਸ ਵਿੱਚ ਘਟਨਾ ਤੋਂ  ਬਚਾ ਹੋ ਜਾਣ ਬਾਰੇ ਵੀ ਸ਼ਾਮਲ ਹੈ ਸਕੂਲ ਨੂੰ ਸੂਚਿਤ ਕਰਨਾ ਬਹੁਤ ਜ਼ਰੂਰੀ ਹੈ। ਕੰਮ ਵਾਲੇ ਮਾਲਕਾਂ ਨੂੰ TAFE ਜਾਂ ਕਮਯੂਨਿਟੀ ਸੰਗਠਨਾ (community organisation) ਨੂੰ ਵੀ ਸੂਚਿਤ ਕਰਨ ਦੀ ਲੋੜ ਹੈ ਜੇ ਉਹ ਕੋਰਸ ਪੜਾਉਂਦੇ ਹੋਣ। ਕਈ ਹੋਰ ਕਾਰਵਾਈਆਂ ਤਾਂ ਬਿਲਕੁਲ ਮਨ੍ਹਾ ਹਨ ਜਦ ਕਿ ਕਈ ਹੋਰਨਾ ਨਾਲ ਸ਼ਰਤਾਂ ਲਗਾਈਆਂ ਗਈਆਂ ਹੁੰਦੀਆਂ ਹਨ। ਵਧੇਰੇ ਜਾਣਕਾਰੀ ਲਈ ਇਥੇ ਵੇਖੋ:

https://education.nsw.gov.au/teaching-and-learning/curriculum/career-learning-and-vet/workplace-learning/keeping-students-safe

ਤੁਹਾਡੇ ਬੱਚੇ ਕੋਲ ਇੱਕ Student Contact Card ਹੋਵੇਗਾ ਜਿਸ ‘ਤੇ ਉਸ ਦਾ ਮੈਡੀਕੇਅਰ ਨੰਬਰ (ਜਾਂ ਡਾਕਟਰ ਦਾ ਫੋਨ ਨੰਬਰ) ਲਿਖਿਆ ਹੋਵੇਗਾ ਅਤੇ ਸਕੂਲ ਦੇ ਸਮੇਂ ਤੋਂ ਪਹਿਲਾਂ ਅਤੇ ਬਾਦ ਵਿੱਚ ਸੰਪਰਕ ਕਰਨ ਲਈ ਮਿਥੇ ਵਿਅਕਤੀਆਂ ਦੇ ਪਤੇ ਹੋਣਗੇ। ਇਹ ਜਾਣਕਾਰੀ ਕਿਸੇ ਸੰਕਟ ਸਮੇਂ ਲਈ ਮਹੱਤਵਪੂਰਣ ਹੁੰਦੀ ਹੈ।.

ਵਿਦਿਆਰਥੀਆਂ ਨੂੰ ਕਿਸੇ ਵੀ ਸੁਰੱਖਿਆ ਸਬੰਧਤ ਫਿਕਰ ਜਾਂ ਸ਼ੰਕੇ,  ਖਤਰਿਆਂ ਜਾਂ ਵਾਪਰੀ ਘਟਨਾ ਬਾਰੇ ਆਪਣੇ ਕੰਮ ਵਾਲੇ ਮਾਲਕ, TAFE ਜਾਂ ਪ੍ਰਾਈਵੇਟ ਜਾਂ ਕਮਯੂਨਿਟੀ ਰਜਿਸਟਰ ਟਰੇਨਿੰਗ ਸੰਗਠਨ ਨੂੰ ਜਿਨੀ ਛੇਤੀ ਵੀ ਹੋ ਸੱਕੇ ਜਾਂ ੨੪ ਘੰਟਿਆਂ ਦੇ ਅੰਦਰ ਅੰਦਰ ਸੂਚਿਤ ਕਰਨਾ ਜ਼ਰੂਰੀ ਹੈ। ਜੇ ਤੁਹਾਡੇ ਬੱਚੇ ਨੂੰ ਕੋਈ ਫਿਕਰ ਜਾਂ ਸ਼ੰਕੇ ਹਨ, ਜਾਂ ਉਸ ਨੂੰ ਕੋਈ ਸੱਟ ਲਗ ਜਾਵੇ ਜਾਂ ਉਹ ਸੁਰੱਖਿਅਤ ਨਹੀਂ ਮਹਿਸੂਸ ਕਰਦਾ/ਕਰਦੀ ਅਤੇ ਆਪਣੇ ਕੰਮ ਵਾਲੇ ਮਾਲਕ ਨਾਲ ਇਹ ਮੁਦਾ ਨਹੀਂ ਉਠਾ ਸਕਦਾ/ਸਕਦੀ, ਤਾਂ ਉਨ੍ਹਾਂ ਨੂੰ ਸਕੂਲ ਜਾਂ ਸੰਕਟ ਵੇਲੇ ਦੇ ਸੰਪਰਕ (emergency contact) ਨਾਲ ਉਸੇ ਵੇਲੇ ਸੰਪਰਕ ਕਰਨ ਦੀ ਲੋੜ ਹੈ।

## ਬੀਮਾ ਅਤੇ ਹਰਜਾਨਾ (Insurance and indemnity)

ਮਹਿਕਮੇ (Department) ਨੇ ਪ੍ਰਵਾਨਤ ਕੀਤੀਆਂ ਕੰਮ ਵਾਲੀਆਂ ਜਗ੍ਹਾ (approved workplace) ’ਤੇ ਕੰਮ ਕਰਨ ਸਮੇਂ ਸੱਟ ਫੇਟ ਲਗ ਜਾਣ ਦੀ ਸਥਿਤੀ ਵਿੱਚ ਬੀਮਾ ਦਾ ਇੰਤਜ਼ਾਮ ਕੀਤਾ ਹੋਇਆ ਹੈ। ਵਧੇਰੇ ਜਾਣਕਾਰੀ ਲਈ ਹੇਠ ਦਿਤੀ ਲਿੰਕ ਵੇਖੋ: https://education.nsw.gov.au/teaching-and-learning/curriculum/career-learning-and-vet/workplace-learning/guides-and-forms

## ਅਯੋਗਤਾ ਜਾਂ ਕਿਸੇ ਹੋਰ ਸਿਹਤ ਸਬੰਧੀ ਕਾਰਨਾਂ ਵਾਲੇ ਵਿਦਿਆਰਥੀ

ਤੁਹਾਡੇ ਬੱਚੇ ਦੀ ਬਿਹਤਰੀ ਅਤੇ ਨਿਗਰਾਨੀ ਨੂੰ ਮੁਖ ਰਖਦਿਆਂ ਤੁਹਾਨੂੰ ਸਕੂਲ, TAFE ਪ੍ਰਾਈਵੇਟ ਜਾਂ ਕਮਯੂਨਿਟੀ ਰਜਿਸਟਰ ਟਰੇਨਿੰਗ ਸੰਗਠਨ ਨੂੰ ਕਿਸੇ ਵੀ ਅਯੋਗਤਾ, ਸਿਖਿਆ ਅਤੇ ਸਪੋਰਟ ਦੀਆਂ ਲੋੜਾਂ ਬਾਰੇ, ਕਿਸੇ ਸਿਹਤ ਹਾਲਾਤ (ਜਿਵੇਂ ਅਨਾਫੀਲੈਕਸਿਸ) ਜਾਂ ਕਿਸੇ ਹੋਰ ਪਾਬੰਦੀ ਬਾਰੇ ਜਿਹੜੀ ਕਿ ਤੁਹਾਡੇ ਬੱਚੇ ਦੀ ਕੰਮ ਵਾਲੀ ਜਗ੍ਹਾ ਤੇ ਉਸ ਦੀ ਸੁਰੱਖਿਆ ਤੇ ਅਸਰ ਕਰ ਸਕਦੀ ਹੋਵੇ ਬਾਰੇ ਸੂਚਿਤ ਕਰਨਾ ਪਵੇਗਾ

ਸਿਹਤ ਸਬੰਧੀ ਯੋਜਨਾਵਾਂ (Health care plans) ਸਾਰੇ ਹੀ ਕੰਮ ਵਾਲੇ ਮਾਲਕਾਂ ਨੂੰ ਦਿਤੇ ਜਾਣੇ ਚਾਹੀਦੇ ਹਨ। ਜੇ ਤੁਹਾਨੂੰ ਇਸ ਬਾਰੇ ਪਤਾ ਨਹੀਂ ਤਾਂ ਆਪਣੇ ਡਾਕਟਰ ਨੂੰ ਪੁਛੋ।

ਜੇ ਤੁਹਾਡੇ ਬੱਚੇ ਨੂੰ ਕੰਮ ਕਰਨ ਵਾਲੀ ਜਗ੍ਹਾ ਤੇ ਉਸ ਦੀਆਂ ਸਪੋਰਟ ਲੋੜਾਂ ਸਬੰਧੀ ਕਿਸੇ ਤਰ੍ਹਾਂ ਦੀ ਤਬਦੀਲੀ ਦੀ ਲੋੜ ਹੈ, ਤਾਂ ਇਸ ਬਾਰੇ ਉਸ ਦੇ ਸਕੂਲ ਨਾਲ ਗਲਬਾਤ ਕਰੋ ਅਤੇ ਨਾਲ ਹੀ ਇਸ ਦੀ ਯੋਜਨਾ ਬਣਾਉਣ ਸਮੇਂ TAFE ਪ੍ਰਾਈਵੇਟ ਜਾਂ ਕਮਯੂਨਿਟੀ ਰਜਿਸਟਰ ਟਰੇਨਿੰਗ ਸੰਗਠਨ ਨਾਲ ਵੀ। ਇਹ ਜਾਣਕਾਰੀ ਤੁਹਾਡੇ ਬੱਚੇ ਦੇ Student Placement Record ਵਿੱਚ ਵੀ ਸਮਿਲਿਤ ਕੀਤੀ ਜਾਵੇਗੀ।

## ਵਧੇਰੇ ਜਾਣਕਾਰੀ

1 ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ ਕਿਉਂਕਿ ਉਨ੍ਹਾਂ ਨੇ ਤੁਹਾਡੇ ਬੱਚੇ ਦੇ ਸਿਖਿਆ ਦੇ ਪ੍ਰੋਗ੍ਰਾਮ (learning program) ਦਾ ਆਯੋਜਨ ਕੀਤਾ ਹੋਵੇਗਾ।

2 ਤੁਸੀਂ ਤੁਹਾਡੇ ਸਥਾਨਕ ਮਹਿਕਮੇ ਦੇ ਵਰਕਪਲੇਸ ਲਰਨਿੰਗ ਸੀਨੀਅਰ ਪਾਥਵੇਜ਼ ਆਫੀਸਰ (Senior Pathways Officer) ਨਾਲ ਵੀ ਸੰਪਰਕ ਕਰ ਸਕਦੇ ਹੋ। ਉਸ ਦੇ ਵੇਰਵੇ ਸਕੂਲ ਤੋਂ ਮਿਲ ਸਕਦੇ ਹਨ।

3 ਜੇ ਤੁਹਾਨੂੰ  ਦੁਭਾਸ਼ੀਏ ਦੀ ਲੋੜ ਹੋਵੇ, ਤਾਂ ਕਿਰਪਾ ਕਰਕੇ ਟੈਲੀਫੋਨ ਇੰਟਰਪ੍ਰੈਟਰ ਸੇਵਾ ਨੂੰ ਇਸ ਨੰਬਰ ਤੇ ਫੋਨ ਕਰੋ 131 450।

***Senior Pathways, Pathways and Transitions***
*NSW Department of Education*
*seniorpathways@det.nsw.edu.au*